BRAMPTON Flower City brampton.ca

media release

2 ਮਾਰਚ, 2018

# ਛੇਵੇਂ ਸਾਲਾਨਾ ਸੀਡੀ ਸੈਟਰਡੇ (ਬੀਜਾਂ ਵਾਲਾ ਸ਼ਨੀਵਾਰ) ਅਤੇ ਗਾਰਡਨ ਸ਼ੋ ਵਿੱਚ ਬਸੰਤ ਰੁੱਤ ਲਈ ਤਿਆਰ ਹੋ ਜਾਓ

ਬ੍ਰੈਂਪਟਨ, ਓਨਟੈਰੀਓ – ਠੰਡੇ ਤਾਪਮਾਨ ਦੇ ਬਾਵਜੂਦ, ਬਸੰਤ ਰੁੱਤ ਆਉਣ ਵਿੱਚ ਤਿੰਨ ਹਫ਼ਤਿਆਂ ਤੋਂ ਵੀ ਘੱਟ ਰਹਿ ਗਏ ਹਨ, ਅਤੇ ਇਸ ਹਫ਼ਤੇ ਦੇ ਆਖਰੀ ਦਿਨਾਂ (ਵੀਕੈਂਡ) ਦੇ "ਸੀਡੀ ਸੈਟਰਡੇ ਅਤੇ ਗਾਰਡਨ ਸ਼ੋ" ਬਾਗਬਾਨੀ ਕਰਨ ਵਾਲਿਆਂ ਨੂੰ ਗਰਮ ਮੌਸਮ ਵਿੱਚ ਜਲਦੀ ਸ਼ੁਰੂਆਤ ਕਰਨ ਦਾ ਮੌਕਾ ਦੇਣਗੇ।

ਕਾਰਜਕਰਮ ਸ਼ਨੀਵਾਰ, 10 ਮਾਰਚ ਨੂੰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ ਔਡੀਟੋਰੀਅਮ (Century Gardens Recreation Centre Auditorium) ਵਿਖੇ ਹੋਵੇਗਾ। ਪੂਰਾ ਦਿਨ ਪੰਜ ਸੈਮੀਨਾਰਾਂ ਦਾ ਆਯੋਜਨ ਹੋਵੇਗਾ:

ਸਵੇਰੇ 10:10-10:50 ਵਜੇ ਛੋਟੀਆਂ ਥਾਵਾਂ ਵਿੱਚ ਬੀਜਾਂ ਤੋਂ ਗਾਰਡਨ ਵਿਕਸਿਤ ਕਰਨਾ

ਸਵੇਰੇ 11-11:45 ਵਜੇ ਤੁਹਾਡੇ ਸਬਜ਼ੀਆਂ ਦੇ ਗਾਰਡਨ ਲਈ ਅਸਧਾਰਨ ਅਤੇ ਦਿਲਚਸਪ ਪੌਦੇ

ਦੁਪਹਿਰ ਬਾਅਦ 12-12:45 ਵਜੇ ਮਧੂ ਮੱਖੀ ਅਨੁਕੂਲਿਤ ਪੋਲੀਨੇਟਰ ਗਾਰਡਨ

ਦੁਪਹਿਰ ਬਾਅਦ 1-1:45 ਵਜੇ ਤਿਤਲੀਆਂ, ਖਟਮਲ ਅਤੇ ਹੋਰ ਜਾਨਵਰ ਅਤੇ ਉਹਨਾਂ ਦਾ ਜੀਵਨ

ਦੁਪਹਿਰ ਬਾਅਦ 2-2:45 ਵਜੇ ਸਿੰਗਪੁਰ ਦੇ ਮਾਡਰਨ ਐਨਵਾਇਰਨਮੈਂਟਲ ਗਾਰਡਨ

ਬਾਗਬਾਨੀ ਬਾਰੇ ਜਾਣਕਾਰੀ ਪ੍ਰਾਪਤ ਕਰੋ, ਸਾਂਝਾ ਕਰੋ, ਅਦਲਾ ਬਦਲੀ ਕਰੋ ਅਤੇ ਬੀਜ ਖਰੀਦੋ, ਬਾਗਬਾਨੀ ਭਾਈਚਾਰੇ ਬਣਾਓ, ਪ੍ਰਦਰਸ਼ਨੀਆਂ ਅਤੇ ਪੇਸ਼ਕਾਰੀਆਂ ਵਿੱਚ ਲੈ ਜਾਓ ਅਤੇ ਸੀਡੀ ਕੈਫੇ (ਬੀਜਾਂ ਦੀ ਦੁਕਾਨ) ਵਿਖੇ ਜਾਓ। ਉੱਥੇ ਕਿਡਸ ਜ਼ੋਨ (ਬੱਚਿਆਂ ਲਈ ਥਾਂ) ਵੀ ਹੋਵੇਗਾ!

ਦਾਖ਼ਲਾ ਮੁਫ਼ਤ ਹੈ ਅਤੇ ਪਹਿਲੇ 100 ਵਿਜੀਟਰਾਂ ਨੂੰ ਇੱਕ ਮੁਫ਼ਤ ਪੌਦਾ ਮਿਲੇਗਾ।

ਸਿਟੀ ਆਫ ਬ੍ਰੈਂਪਟਨ (City of Brampton) ਅਤੇ ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ (Brampton Horticultural Society) ਵੱਲੋਂ ਪੇਸ਼ ਕੀਤੇ ਜਾਣ ਵਾਲੇ ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਨੂੰ Seeds of Diversity (ਵੰਨ-ਸੁਵੰਨਤਾ ਦੇ ਬੀਜ), ਜੋ ਕਿ ਇੱਕ ਕੈਨੇਡਿਅਨ ਸਵੈਇੱਛੁਕ ਸੰਗਠਨ ਹੈ, ਜੋ ਜੈਵ ਵੰਨ-ਸੁਵੰਨਤਾ ਅਤੇ ਭੋਜਨ ਸਬੰਧੀ ਫਸਲਾਂ ਅਤੇ ਗਾਰਡਨ ਦੇ ਪੌਦਿਆਂ ਦੀ ਪਰੰਪਰਿਕ ਜਾਣਕਾਰੀ ਨੂੰ ਸੁਰੱਖਿਅਤ ਰੱਖਦਾ ਹੈ।

ਹੋਰ ਜਾਣਕਾਰੀ ਲਈ, www.brampton.ca 'ਤੇ ਜਾਓ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca